York Region District School Board
InspireLearning!

# ਵਿਸ਼ੇਸ਼ ਸਿੱਖਿਆ

# ਮਾਪਿਆਂ ਅਤੇ ਵਿਦਿਆਰਥੀਆਂ ਲਈ ਇੱਕ ਸੰਚਾਰ ਗਾਈਡ

## ਜਦ ਮੈਨੂੰ ਕੋਈ ਸ਼ੰਕਾ ਹੁੰਦਾ ਹੈ, ਤਾਂ ਮੈਂ ਕਿੱਥੋਂ ਸ਼ੁਰੂਆਤ ਕਰਾਂ?

ਵਿਦਿਆਰਥੀ ਦੀ ਸਫਲਤਾ ਇੱਕ ਤਰਜੀਹ ਹੈ। ਇਕੱਠਿਆਂ ਮਿਲਕੇ ਮਾਪੇ, ਵਿਦਿਆਰਥੀ ਅਤੇ ਸਮਰਥਨ ਦੇਣ ਵਾਲੀਆਂ ਟੀਮਾਂ ਵਿਦਿਆਰਥੀ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਸਹਿਯੋਗ ਕਰਦੀਆਂ ਹਨ।

ਸ਼ੁਰੂਆਤ ਕਰਨ ਲਈ ਸਭ ਤੋਂ ਵਧੀਆ ਸਥਾਨ ਉਹ ਵਿਅਕਤੀ ਹੁੰਦਾ ਹੈ ਜੋ ਮਸਲੇ ਦੇ ਸਭ ਤੋਂ ਨੇੜੇ ਹੁੰਦਾ ਹੈ (ਉਦਾਹਰਨ ਲਈ ਜਮਾਤ ਦਾ ਅਧਿਆਪਕ, ਵਿਸ਼ੇਸ਼ ਸਿੱਖਿਆ ਸਰੋਤ ਅਧਿਆਪਕ (Special Education Resource Teacher - SERT), ਬੱਸ ਡ੍ਰਾਈਵਰ, ਆਦਿ)। ਮਸਲੇ ਜਾਂ ਸ਼ੰਕੇ ਨਿਪਟਾਉਣ ਵਿੱਚ ਸਹਾਇਤਾ ਲਈ, ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਪ੍ਰਸਥਿਤੀ ਬਾਰੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਇਕੱਤਰ ਕਰੋ; ਅਤੇ
- ਆਪਣੇ ਸ਼ੰਕੇ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਕੂਲ ਨਾਲ ਸੰਪਰਕ ਕਰੋ ਅਤੇ ਅਮਲੇ ਦੇ ਮੈਂਬਰ(ਰਾਂ) ਦੇ ਨਾਲ ਮੀਟਿੰਗ ਦਾ ਇੰਤਜ਼ਾਮ ਕਰੋ।

ਅਰਥਪੂਰਨ ਅਤੇ ਮਕਸਦਪੂਰਨ ਵਾਰਤਾਲਾਪ ਕਰਕੇ ਜ਼ਿਆਦਾਤਰ ਮਸਲਿਆਂ ਨੂੰ ਨਿਪਟਾਇਆ ਜਾ ਸਕਦਾ ਹੈ। ਸੰਚਾਰ ਦੀਆਂ ਲਾਈਨਾਂ ਨੂੰ ਖੁੱਲ੍ਹਾ ਰੱਖਣਾ ਸਭ ਤੋਂ ਵਧੀਆ ਰਣਨੀਤੀ ਹੈ।

## ਮੇਰੇ ਬੱਚੇ ਦੇ ਪ੍ਰੋਗਰਾਮ ਜਾਂ ਵਿਸ਼ੇਸ਼ ਸਿੱਖਿਆ ਸੇਵਾਵਾਂ ਸੰਬੰਧੀ ਸ਼ੰਕਿਆਂ ਦਾ ਸੰਚਾਰ ਕਰਨ ਵਿੱਚ ਇੱਕ ਮਾਪੇ ਵਜੋਂ ਮੈਂ ਕੀ ਭੂਮਿਕਾ ਨਿਭਾਉਂਦਾ/ਦੀ ਹਾਂ?

ਅਸੀਂ ਤੁਹਾਡੇ ਵੱਲੋਂ ਆਪਣੇ ਸ਼ੰਕੇ ਦਾ ਸੰਚਾਰ ਕਰਨ ਵਿੱਚ ਤੁਹਾਡੀ ਭਾਗੀਦਾਰੀ ਦਾ ਸਵਾਗਤ ਕਰਦੇ ਹਾਂ।

**1. ਆਪਣੀ ਪਹੁੰਚ ਦੀ ਯੋਜਨਾ ਬਣਾਓ।**

- ਆਪਣੀ ਜਾਣਕਾਰੀ ਇਕੱਤਰ ਕਰੋ।
- ਸਮੇਂ ਤੋਂ ਪਹਿਲਾਂ ਤੱਥਾਂ ਬਾਰੇ ਸਪੱਸ਼ਟ ਹੋਵੋ।
- ਜੋ ਕੁਝ ਤੁਸੀਂ ਉਜਾਗਰ ਕਰਨਾ ਚਾਹੁੰਦੇ ਹੋ ਉਸਨੂੰ ਸੰਯੋਜਿਤ ਕਰੋ।
- ਜਾਣੋ ਕਿ ਤੁਸੀਂ ਕਿਹੜੇ ਸਵਾਲ ਪੁੱਛਣੇ ਚਾਹੁੰਦੇ ਹੋ।

**ਯਾਦ ਰੱਖੋ:**

- ਯਾਰਕ ਰੀਜਨ ਵਿੱਚ ਕਿਸੇ ਅਜਿਹੇ ਅਦਾਰੇ/ਸੰਗਠਨ ਨਾਲ ਸੰਪਰਕ ਕਰਨਾ ਮਦਦਗਾਰੀ ਹੋ ਸਕਦਾ ਹੈ ਜੋ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਦੀ ਹੋਵੇ।
- ਕਿਸੇ ਵੀ ਸਮੇਂ ਕਿਸੇ ਦੋਸਤ ਜਾਂ ਐਡਵੋਕੇਟ ਨੂੰ ਸ਼ਾਮਲ ਕਰਨ ਵਾਸਤੇ ਤੁਹਾਡਾ ਸਵਾਗਤ ਹੈ। ਅਸੀਂ ਤੁਹਾਡੇ ਸ਼ੰਕੇ ਦਾ ਸੰਚਾਰ ਕਰਨ ਵਿੱਚ ਉਹਨਾਂ ਦੀ ਭਾਗੀਦਾਰੀ ਦਾ ਸਵਾਗਤ ਕਰਦੇ ਹਾਂ।

**ਮਾਪੇ ਲਈ ਗਾਈਡਾਂ**

ਕੁਝ ਹੋਰ ਸਰੋਤ ਹਨ ਜੋ ਤੁਹਾਡੇ ਲਈ ਦਿਲਚਸਪੀ ਵਾਲੇ ਹੋ ਸਕਦੇ ਹਨ:

- ਏ ਪੇਰੈਂਟਜ਼ ਗਾਈਡ ਟੂ ਆਈਡੈਂਟੀਫਿਕੇਸ਼ਨ, ਪਲੇਸਮੈਂਟ ਐਂਡ ਰੀਵਿਊ ਕਮੇਟੀ (IPRC)
- ਦਾ ਇੰਡਵਿਜ਼ੁਅਲ ਐਜੁਕੇਸ਼ਨ ਪਲਾਨ (IEP) ਏ ਗਾਈਡ ਫਾਰ ਪੇਰੈਂਟਸ
- ਪੇਰੈਂਟ ਗਾਈਡ ਟੂ ਸਪੈਸ਼ਲ ਐਜੁਕੇਸ਼ਨ ਫੰਡਿੰਗ ਫਾਰ ਅਸਿਸਟਿਵ ਟੈਕਨੋਲੋਜੀ ਐਂਡ ਈਕਵਿਪਮੈਂਟ ਫਾਰ ਸਟੂਡੈਂਟਸ ਵਿਦ ਸਪੈਸ਼ਲ ਨੀਡਜ਼ (ਮੌਜੂਦਾ ਸਮੇਂ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ)

**2. ਸਕੂਲ ਦੇ ਅਮਲੇ ਨਾਲ ਸੰਚਾਰ ਕਰੋ**

- ਸਕਾਰਾਤਮਕ ਸੋਚ ਰੱਖੋ।
- ਇੱਕ ਸਮੇਂ 'ਤੇ ਇੱਕ ਜਾਂ ਦੋ ਮਸਲਿਆਂ ਉੱਤੇ ਹੀ ਧਿਆਨ ਦਿਓ।
- ਆਪਣੇ ਬੱਚੇ ਬਾਰੇ ਉਸ ਜਾਣਕਾਰੀ ਨੂੰ ਸਾਂਝਾ ਕਰੋ ਜਿਸਨੂੰ ਤੁਸੀਂ ਮਹੱਤਵਪੂਰਨ ਸਮਝਦੇ ਹੋ।
- ਤੁਹਾਡੇ ਵੱਲੋਂ ਬਾਹਰੀ ਸਰੋਤਾਂ ਤੋਂ ਇਕੱਤਰ ਕੀਤੀ ਉਸ ਜਾਣਕਾਰੀ ਨੂੰ ਸਾਂਝਾ ਕਰੋ ਜੋ ਸਕੂਲ ਵਿਖੇ ਪ੍ਰੋਗਰਾਮਾਂ ਬਾਰੇ ਫੈਸਲਿਆਂ ਵਿੱਚ ਸਹਾਇਤਾ ਕਰ ਸਕਦੀ ਹੈ।
- ਕਿਰਿਆਸ਼ੀਲਤਾ ਨਾਲ ਸੁਣੋ - ਵਿਚਾਰ-ਵਟਾਂਦਰੇ ਵਿਚਲੇ ਹਰ ਵਿਅਕਤੀ ਕੋਲ ਸਾਂਝੀ ਕਰਨ ਲਈ ਅਹਿਮ ਜਾਣਕਾਰੀ ਹੁੰਦੀ ਹੈ।
- ਉਹਨਾਂ ਹੱਲਾਂ ਬਾਰੇ ਕੁਝ ਸੋਚ-ਵਿਚਾਰ ਕਰੋ ਜੋ ਤੁਸੀਂ ਦੇਖਣੇ ਪਸੰਦ ਕਰੋਗੇ।
- ਅਗਲੇ ਕਦਮਾਂ ਦੀ ਇਕੱਠਿਆਂ ਯੋਜਨਾ ਬਣਾਓ।
- ਵਿਚਾਰੀਆਂ ਗਈਆਂ ਚੀਜ਼ਾਂ ਅਤੇ ਕੀਤੇ ਗਏ ਫੈਸਲਿਆਂ ਬਾਰੇ ਨੋਟ-ਕਥਨ ਲਿਖੋ।

**ਯਾਦ ਰੱਖੋ:**

- ਤੁਹਾਡਾ ਸ਼ੰਕਾ ਮਹੱਤਵਪੂਰਨ ਹੈ – ਕਈ ਵਾਰ ਸਰਵੋਤਮ ਹੱਲਾਂ ਤੱਕ ਪਹੁੰਚਣ ਨੂੰ ਸਮਾਂ ਲਗਦਾ ਹੈ।
- ਸੰਚਾਰ ਕਰਦੇ ਰਹੋ – ਸੰਚਾਰ ਕਰਦੇ ਰਹਿਣਾ ਮਹੱਤਵਪੂਰਨ ਹੈ।

## ਮੈਂ ਬੋਰਡ ਦੇ ਕਰਮਚਾਰੀ ਤੱਕ ਕਿਵੇਂ ਪਹੁੰਚ ਕਰ ਸਕਦਾ/ਦੀ ਹਾਂ?

**ਐਜੂਕੇਸ਼ਨ ਸੈਂਟਰ ਔਰੋਰਾ**

| ਇਹਨਾਂ ਸਥਾਨਾਂ ਤੋਂ ਕਾਲ ਕਰਦੇ ਸਮੇਂ: | ਸਵਿੱਚਬੋਰਡ | ਆਟੋਮੇਟਿਡ |
|---|---|---|
| ਔਰੋਰਾ ਐਂਡ ਕਿੰਗ | 905-727-3141 | 905-727-0022 |
| ਨਿਊਮਾਰਕੀਟ ਐਂਡ ਈਸਟ ਗਵਿਲਮਬਰੀ | 905-895-7216 | 905-895-7227 |
| ਜੌਰਜੀਆਨਾ | 905-722-3201 | 905-722-6255 |
| ਮਾਰਕਹੈਮ, ਰਿਚਮੰਡ ਹਿੱਲ, ਵੌਨ, ਵਿਟਚਰਚ-ਸਟੌਫਵਿਲੇ | 416-969-8131 | 416-969-7170 |

| ਆਮ ਤੌਰ 'ਤੇ ਕਾਲ ਕੀਤੇ ਜਾਂਦੇ ਨੰਬਰ | ਫ਼ੋਨ ਨੰਬਰ |
|---|---|
| ਐਜੂਕੇਸ਼ਨ ਐਂਡ ਕਮਿਊਨਿਟੀ ਸਰਵਿਸਜ਼ | 905-727-0022, ਐਕਸਟੈਨਸ਼ਨ 2266/2555 |
| ਸਟੂਡੈਂਟ ਸਰਵਿਸਜ਼ ਕੋਆਰਡੀਨੇਟਰਜ਼: | |
| ਉੱਤਰ | (905) 895-5155 |
| ਕੇਂਦਰੀ | (905) 884-4477 |
| ਪੂਰਬ | (905) 940-7800 |
| ਪੱਛਮ | (905) 764-6830 |
| ਵਿਸ਼ੇਸ਼ ਸਿੱਖਿਆ | (905) 727-0022, ਐਕਸਟੈਨਸ਼ਨ 3235 |
| ਸਟੂਡੈਂਟ ਟ੍ਰਾਂਸਪੋਰਟੇਸ਼ਨ ਸਰਵਿਸਜ਼ | (905) 713-3001, ਐਕਸਟੈਨਸ਼ਨ 4551 |
| ਟਰੱਸਟੀ ਸਰਵਿਸਜ਼ | 905-727-0022, ਐਕਸਟੈਨਸ਼ਨ 2327/2262 |

## ਜੇ ਮੈਨੂੰ ਜਾਪਦਾ ਹੈ ਕਿ ਮੇਰੇ ਸ਼ੰਕੇ ਨੂੰ ਉਚਿਤ ਤਰੀਕੇ ਨਾਲ ਨਹੀਂ ਹੱਲ ਕੀਤਾ ਗਿਆ ਤਾਂ ਕੀ?

ਅਸੀਂ ਤੁਹਾਡੇ ਬੱਚੇ ਨਾਲ ਸੰਬੰਧਿਤ ਮਸਲਿਆਂ ਨੂੰ ਨਿਪਟਾਉਣ ਲਈ ਤੁਹਾਡੀ ਇੱਛਾ ਨੂੰ ਸਮਝਦੇ ਹਾਂ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਸ਼ੰਕੇ ਨੂੰ ਹੱਲ ਨਹੀਂ ਕੀਤਾ ਗਿਆ, ਤਾਂ ਇਹਨਾਂ ਕਦਮਾਂ ਦੀ ਪਾਲਣਾ ਕਰੋ ਅਤੇ ਹੇਠਾਂ ਚਾਰਟਾਂ ਉੱਤੇ ਦੱਸੇ ਗਏ ਅਗਲੇ ਵਿਅਕਤੀ ਨਾਲ ਸੰਪਰਕ ਕਰੋ:

# ਐਲੀਮੈਂਟਰੀ ਸਕੂਲ

**ਅਧਿਆਪਕ**

ਸਾਰੇ ਵਿਦਿਆਰਥੀਆਂ ਵਾਸਤੇ ਸਹਾਇਤਾ ਅਤੇ/ਜਾਂ ਪ੍ਰੋਗਰਾਮ ਪ੍ਰਦਾਨ ਕਰਾਉਂਦਾ ਹੈ

**SERT**

ਵਿਸ਼ੇਸ਼ ਸਿੱਖਿਆ ਸਹਾਇਤਾ ਅਤੇ/ਜਾਂ ਪ੍ਰੋਗਰਾਮ ਪ੍ਰਦਾਨ ਕਰਾਉਂਦਾ ਹੈ

**ਪ੍ਰਿੰਸੀਪਲ/ਵਾਈਸ-ਪ੍ਰਿੰਸੀਪਲ**

ਵਿਦਿਆਰਥੀ ਦੀ ਪ੍ਰਗਤੀ ਲਈ ਜ਼ਿੰਮੇਵਾਰ

**ਸਟੂਡੈਂਟ ਸਰਵਿਸਜ਼ ਕੋਆਰਡੀਨੇਟਰ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ। ਵਿਸ਼ੇਸ਼ ਸਿੱਖਿਆ, ਪਛਾਣ ਅਤੇ ਪ੍ਰੋਗਰਾਮਾਂ ਵਾਸਤੇ ਸਹਾਇਤਾ ਪ੍ਰਦਾਨ ਕਰਾਉਂਦਾ ਹੈ

**ਸੁਪਰ ਇਨਟੈਨਡੰਟ ਆਫ ਐਜੂਕੇਸ਼ਨ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ। ਸਾਰੇ ਸਕੂਲਾਂ ਦੇ ਦਿਨ ਪ੍ਰਤੀ ਦਿਨ ਦੇ ਆਪਰੇਸ਼ਨ ਵਾਸਤੇ ਜ਼ਿੰਮੇਵਾਰ

**ਐਸੋਸੀਏਟ ਡਾਇਰੈਕਟਰਜ਼**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ

ਸਿੱਖਿਆ ਅਤੇ ਭਾਈਚਾਰਕ ਸੇਵਾਵਾਂ ਵਾਸਤੇ ਜ਼ਿੰਮੇਵਾਰ

**ਨਿਰਦੇਸ਼ਕ ਦਾ ਦਫਤਰ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ

ਸਿੱਖਿਆ ਅਤੇ ਭਾਈਚਾਰਕ ਸੇਵਾਵਾਂ ਵਾਸਤੇ ਜ਼ਿੰਮੇਵਾਰ

**ਟਰੱਸਟੀਆਂ ਦਾ ਬੋਰਡ**

ਯਾਰਕ ਰੀਜਨ ਵਿੱਚ ਸਾਰੇ ਸਰਕਾਰੀ ਸਕੂਲਾਂ ਦੇ ਚਲਨ ਵਾਸਤੇ ਨੀਤੀ ਨਿਰਧਾਰਤ ਕਰਦਾ ਹੈ

**ਸਿੱਖਿਆ ਮੰਤਰਾਲਾ**

ਓਨਟੈਰੀਓ ਵਿੱਚ ਸਰਕਾਰੀ ਫ਼ੰਡ ਸਹਾਇਤਾ ਪ੍ਰਾਪਤ ਕਰਨ ਵਾਲੇ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੀ ਪ੍ਰਣਾਲੀ ਨੂੰ ਸੰਚਾਲਿਤ ਕਰਦਾ ਹੈ

# ਸੈਕੰਡਰੀ ਸਕੂਲ

**ਅਧਿਆਪਕ**

ਸਾਰੇ ਵਿਦਿਆਰਥੀਆਂ ਵਾਸਤੇ ਸਹਾਇਤਾ ਅਤੇ/ਜਾਂ ਪ੍ਰੋਗਰਾਮ ਪ੍ਰਦਾਨ ਕਰਾਉਂਦਾ ਹੈ

**SERT**

ਵਿਸ਼ੇਸ਼ ਸਿੱਖਿਆ ਸਹਾਇਤਾ ਅਤੇ/ਜਾਂ ਪ੍ਰੋਗਰਾਮ ਪ੍ਰਦਾਨ ਕਰਾਉਂਦਾ ਹੈ

**ਵਿਸ਼ੇਸ਼ ਸਿੱਖਿਆ ਵਿਭਾਗ ਦਾ ਮੁਖੀ**

**ਪ੍ਰਿੰਸੀਪਲ/ਵਾਈਸ-ਪ੍ਰਿੰਸੀਪਲ**

ਵਿਦਿਆਰਥੀ ਦੀ ਪ੍ਰਗਤੀ ਲਈ ਜ਼ਿੰਮੇਵਾਰ

**ਸਟੂਡੈਂਟ ਸਰਵਿਸਜ਼ ਕੋਆਰਡੀਨੇਟਰ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ। ਵਿਸ਼ੇਸ਼ ਸਿੱਖਿਆ, ਪਛਾਣ ਅਤੇ ਪ੍ਰੋਗਰਾਮਾਂ ਵਾਸਤੇ ਸਹਾਇਤਾ ਪ੍ਰਦਾਨ ਕਰਾਉਂਦਾ ਹੈ

**ਸੁਪਰ ਇਨਟੈਨਡੰਟ ਆਫ ਐਜੂਕੇਸ਼ਨ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ। ਸਾਰੇ ਸਕੂਲਾਂ ਦੇ ਦਿਨ ਪ੍ਰਤੀ ਦਿਨ ਦੇ ਆਪਰੇਸ਼ਨ ਵਾਸਤੇ ਜ਼ਿੰਮੇਵਾਰ

**ਐਸੋਸੀਏਟ ਡਾਇਰੈਕਟਰਜ਼**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ

ਸਿੱਖਿਆ ਅਤੇ ਭਾਈਚਾਰਕ ਸੇਵਾਵਾਂ ਵਾਸਤੇ ਜ਼ਿੰਮੇਵਾਰ

**ਨਿਰਦੇਸ਼ਕ ਦਾ ਦਫਤਰ**

ਕਮਿਊਨਿਟੀ ਐਜੂਕੇਸ਼ਨ ਸੈਂਟਰ ਵਿਖੇ ਸਥਿਤ

ਸਿੱਖਿਆ ਅਤੇ ਭਾਈਚਾਰਕ ਸੇਵਾਵਾਂ ਵਾਸਤੇ ਜ਼ਿੰਮੇਵਾਰ

**ਟਰੱਸਟੀਆਂ ਦਾ ਬੋਰਡ**

ਯਾਰਕ ਰੀਜਨ ਵਿੱਚ ਸਾਰੇ ਸਰਕਾਰੀ ਸਕੂਲਾਂ ਦੇ ਚਲਨ ਵਾਸਤੇ ਨੀਤੀ ਨਿਰਧਾਰਤ ਕਰਦਾ ਹੈ

**ਸਿੱਖਿਆ ਮੰਤਰਾਲਾ**

ਓਨਟੈਰੀਓ ਵਿੱਚ ਸਰਕਾਰੀ ਫ਼ੰਡ ਸਹਾਇਤਾ ਪ੍ਰਾਪਤ ਕਰਨ ਵਾਲੇ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੀ ਪ੍ਰਣਾਲੀ ਨੂੰ ਸੰਚਾਲਿਤ ਕਰਦਾ ਹੈ

## ਮੇਰੇ ਬੱਚੇ ਦੀਆਂ ਲੋੜਾਂ ਦੇ ਸੰਬੰਧ ਵਿੱਚ ਮੇਰੀ ਸਹਾਇਤਾ ਕਰਨ ਲਈ ਮੇਰੇ ਕੋਲ ਕਿਹੜੇ ਸਰੋਤ ਉਪਲਬਧ ਹਨ?

ਯਾਰਕ ਰੀਜਨ ਵਿੱਚ ਵਿਸ਼ੇਸ਼ ਸਿੱਖਿਆ ਬਾਰੇ ਸਲਾਹਕਾਰੀ ਕਮੇਟੀ (Special Education Advisory Committee – SEAC) ਸਿੱਖਣ ਸੰਬੰਧੀ ਅਪਵਾਦੀ ਲੋੜਾਂ ਵਾਲੇ ਪਛਾਣ ਕੀਤੇ ਗਏ ਵਿਦਿਆਰਥੀਆਂ ਵੱਲੋਂ ਲੋੜੇ ਜਾਂਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਬੋਰਡ ਨੂੰ ਸਲਾਹ ਦੇਣ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ।

SEAC ਵਿਸ਼ੇਸ਼ ਸਿੱਖਿਆ ਪ੍ਰੋਗਰਾਮਾਂ ਅਤੇ ਸੇਵਾਵਾਂ ਦੀ ਸਥਾਪਨਾ ਅਤੇ ਵਿਕਾਸ ਦੇ ਸੰਬੰਧ ਵਿੱਚ ਬੋਰਡ ਨੂੰ ਸਿਫਾਰਸ਼ਾਂ ਕਰ ਸਕਦੀ ਹੈ। SEAC ਉੱਤੇ ਬਹੁਤ ਸਾਰੇ ਅਦਾਰਿਆਂ ਅਤੇ ਸੰਘਾਂ ਦੀ ਪ੍ਰਤੀਨਿਧਤਾ ਕੀਤੀ ਜਾਂਦੀ ਹੈ ਅਤੇ ਇਹਨਾਂ ਵਿੱਚੋਂ ਹਰੇਕ ਮਾਪਿਆਂ ਨੂੰ ਸਹਾਇਤਾ ਅਤੇ ਸਰੋਤ ਪ੍ਰਦਾਨ ਕਰਾਉਂਦਾ ਹੈ।

ਤੁਸੀਂ **www.yrdsb.ca** 'ਤੇ ਜਾਕੇ ਅਤੇ ਵਿਸ਼ੇਸ਼ ਸਿੱਖਿਆ ਦੀ ਚੋਣ ਕਰਕੇ SEAC ਬਾਰੇ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹੋ।

ਵਰਤਮਾਨ ਸਮੇਂ ਨਿਮਨਲਿਖਤ ਅਦਾਰਿਆਂ ਅਤੇ ਸੰਗਠਨਾਂ ਦੀ ਬੋਰਡ ਦੀ SEAC ਉੱਤੇ ਪ੍ਰਤੀਨਿਧਤਾ ਕੀਤੀ ਜਾਂਦੀ ਹੈ:

- ਐਸੋਸੀਏਸ਼ਨ ਫਾਰ ਬ੍ਰਾਈਟ ਚਿਲਡਰਨ – ਯਾਰਕ ਰੀਜਨ ਉੱਤਰੀ
- ਐਸੋਸੀਏਸ਼ਨ ਫਾਰ ਬ੍ਰਾਈਟ ਚਿਲਡਰਨ – ਯਾਰਕ ਰੀਜਨ ਦੱਖਣੀ
- ਔਟਿਜ਼ਮ ਓਨਟੈਰੀਓ – ਯਾਰਕ ਰੀਜਨ
- ਚਿਲਡਰਨਜ਼ ਟ੍ਰੀਟਮੈਂਟ ਨੈੱਟਵਰਕ
- ਕਮਿਊਨਿਟੀ ਲਿਵਿੰਗ ਸੈਂਟਰਲ ਯਾਰਕ
- ਕਮਿਊਨਿਟੀ ਲਿਵਿੰਗ ਜੌਰਜੀਆਨਾ
- ਡਾਊਨ ਸਿੰਡਰੋਮ ਐਸੋਸੀਏਸ਼ਨ ਆਫ ਯਾਰਕ ਰੀਜਨ
- ਅਰਲੀ ਇੰਟਰਵੈਨਸ਼ਨ ਸਰਵਿਸਜ਼ ਆਫ ਯਾਰਕ ਰੀਜਨ
- ਈਸਟਰ ਸੀਲਜ ਓਨਟੈਰੀਓ
- ਲਰਨਿੰਗ ਡਿਸਏਬਿਲਟੀਜ਼ ਐਸੋਸੀਏਸ਼ਨ – ਯਾਰਕ ਰੀਜਨ
- VIEWS ਫਾਰ ਦਾ ਵਿਜ਼ੂਅਲੀ ਇਮਪੇਅਰਡ
- VOICE ਆਫ ਹੀਅਰਿੰਗ ਇਮਪੇਅਰਡ ਚਿਲਡਰਨ
- ਯਾਰਕ ਸਾਊਥ ਐਸੋਸੀਏਸ਼ਨ ਫਾਰ ਕਮਿਊਨਿਟੀ ਲਿਵਿੰਗ
- ਯਾਰਕ ਸਪੋਰਟ ਸਰਵਿਸਜ਼ ਨੈੱਟਵਰਕ